BRAMPTON Flower City
brampton.ca

media release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਗਨ ਅਤੇ ਗੈਂਗ ਹਿੰਸਾ ਵਿਰੁੱਧ ਕਾਰਵਾਈ ਕਰਨ ਦੀ ਪਹਿਲਕਦਮੀ ਬਾਰੇ ਸੰਘੀ ਅਤੇ ਸੂਬਾਈ ਘੋਸ਼ਣਾ ਦਾ ਸਮਰਥਨ ਕਰਦਾ ਹੈ

ਬ੍ਰੈਂਪਟਨ, ਓਨਟੈਰੀਓ (26 ਅਗਸਤ, 2019) – ਅੱਜ ਸਿਟੀ ਆਫ ਬ੍ਰੈਂਪਟਨ ਨੇ ਓਨਟੈਰੀਓ ਵਿੱਚ ਗਨ ਅਤੇ ਗੈਂਗ ਹਿੰਸਾ ਵਿਰੁੱਧ ਕਾਰਵਾਈ ਕਰਨ ਦੀ ਪਹਿਲਕਦਮੀ (Initiative to Take Action Against Gun and Gang Violence) ਤੇ ਸੰਯੁਕਤ ਸੰਘੀ ਅਤੇ ਸੂਬਾਈ ਘੋਸ਼ਣਾ (announcement) ਦਾ ਸੁਆਗਤ ਕੀਤਾ।

ਸਿਟੀ ਗਨ ਅਤੇ ਗੈਂਗ ਹਿੰਸਾ ਨਾਲ ਨਿਪਟਣ ਵੇਲੇ ਖੇਤਰੀ ਦ੍ਰਿਸ਼ਟੀਕੋਣ ਅਪਨਾਉਣ ਦੇ ਮਹੱਤਵ ਨੂੰ ਸਮਝਦੀ ਹੈ, ਕਿਉਂਕਿ ਇਹ ਬ੍ਰੈਂਪਟਨ ਦੇ ਨਿਵਾਸੀਆਂ ਲਈ ਵੱਡੀ ਜਨਤਕ ਸੁਰੱਖਿਆ ਸਬੰਧੀ ਚਿੰਤਾ ਹੈ। ਸਿਟੀ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਬ੍ਰੈਂਪਟਨ ਇੱਕ ਸੁਰੱਖਿਅਤ ਸਿਟੀ ਹੈ। ਕਾਊਂਸਿਲ ਨੇ ਭਾਈਚਾਰਕ ਸੁਰੱਖਿਆ ਦੇ ਪ੍ਰੋਜੈਕਟਾਂ ਲਈ ਸਿਟੀ ਦੇ 2019 ਦੇ ਬਜਟ ਵਿੱਚ $300,000 ਦੀ ਮਨਜ਼ੂਰੀ ਦਿੱਤੀ ਹੈ। ਜਿਸ ਵਿਚ ਪੂਰੇ ਸ਼ਹਿਰ ਵਿਚ ਨੇਬਰਹੁੱਡ ਵਾਚ ਬ੍ਰੈਂਪਟਨ (Neighbourhood Watch Brampton) ਨੂੰ ਵਧਾਉਣ ਲਈ ਹਾਲ ਹੀ ਵਿਚ ਕੀਤੀਆਂ ਗਈਆਂ ਵੰਡਾਂ ਸ਼ਾਮਲ ਹਨ।

ਸਿਟੀ, ਓਨਟੈਰੀਓ ਦੀ ਗਨ, ਗੈਂਗਸ ਅਤੇ ਹਿੰਸਾ ਨੂੰ ਘੱਟ ਕਰਨ ਦੀ ਕਾਰਜਨੀਤੀ (Guns, Gangs and Violence Reduction Strategy) ਵਿੱਚ ਸੰਘ ਸਰਕਾਰ ਵੱਲੋਂ ਅੱਜ ਕੀਤੇ $54 ਮਿਲੀਅਨ ਦੇ ਨਿਵੇਸ਼ ਦਾ ਸੁਆਗਤ ਕਰਦੀ ਹੈ। ਇਹ ਇਸ ਮੁੱਦੇ ਤੇ ਲਗਾਤਾਰ ਧਿਆਨ ਦੇਣ ਲਈ ਬ੍ਰੈਂਪਟਨ ਦੀ ਮਦਦ ਕਰੇਗਾ। ਸਿਟੀ, ਗ੍ਰੇਟਰ ਟੋਰੌਂਟੋ ਏਰੀਆ (ਜੀ.ਟੀ.ਏ.) (Greater Toronto Area) (GTA) ਵਿੱਚ ਬੰਦੂਕ-ਸਬੰਧੀ ਅਪਰਾਧਾਂ ਲਈ ਜਮਾਨਤ ਦੀਆਂ ਸੁਣਵਾਈਆਂ ਅਤੇ ਕਾਰਵਾਈਆਂ ਨੂੰ ਸਹਿਯੋਗ ਕਰਨ ਲਈ ਪੀਲ (Peel) ਵਿੱਚ ਨਵੀਂ ਇਨਟੈਂਸਿਵ ਫਾਇਰਆਰਮ ਬੇਲ ਟੀਮ (Intensive Firearm Bail Team) ਬਣਾਉਣ ਵਿੱਚ ਪੀਲ ਰੀਜਨਲ ਪੁਲਿਸ (Peel Regional Police) ਅਤੇ ਓਨਟੈਰੀਓ ਸੂਬੇ (Province of Ontario) ਨਾਲ ਸਹਿਯੋਗ ਕਰਨ ਲਈ ਤਿਆਰ ਹੈ।

ਅੱਜ ਦੀ ਘੋਸ਼ਣਾ, ਬ੍ਰੈਂਪਟਨ ਸਿਟੀ ਕਾਊਂਸਿਲ ਦੀ ਬੰਦੂਕ ਅਤੇ ਗਿਰੋਹ ਦੀ ਗਤੀਵਿਧੀ ਦੇ ਮੁੱਦੇ 'ਤੇ ਇਕ ਸਹਿਯੋਗੀ ਅਤੇ ਸੰਪੂਰਨ ਨਜ਼ਰੀਆ ਅਪਣਾਉਣ ਦੇ ਅਨੁਕੂਲ ਹੈ। ਇਹ ਓਟਾਵਾ ਵਿੱਚ 18-21 ਅਗਸਤ, 2019 ਨੂੰ ਹੋਈ ਐਸੋਸੀਏਸ਼ਨ ਆਫ ਓਨਟੈਰੀਓ ਮਿਊਨਿਸਿਪਲਟੀਜ ਕਾਨਫਰੰਸ (Association of Ontario Municipalities Conference) ਵਿੱਚ, ਕਾਊਂਸਿਲ ਦੇ ਹਾਲੀਆ ਸਮਰਥਨ ਯਤਨਾਂ ਦਾ ਹਿੱਸਾ ਸੀ।

ਸਿਟੀ ਜਨਤਕ ਸੁਰੱਖਿਆ ਦੇ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਲਈ ਪੀਲ ਰੀਜਨਲ ਪੁਲਿਸ ਨਾਲ ਚੰਗੀ ਤਰ੍ਹਾਂ ਕੰਮ ਕਰਨ ਦੀ ਆਸ ਕਰਦੀ ਹੈ। ਕਿਉਂਕਿ ਸੂਬੇ ਨੇ ਜੀ.ਟੀ.ਏ./ਗ੍ਰੇਟਰ ਗੋਲਡਨ ਹੋਰਸਸ਼ੂ (ਜੀ.ਜੀ.ਐਚ.) ਗਨ ਐਂਡ ਗੈਂਗ ਫੰਡ (GTA/Greater Golden Horseshoe (GGH) Gun and Gang Fund) ਸਥਾਪਤ ਕੀਤਾ ਹੈ, ਇਹ ਜੀ.ਟੀ.ਏ. ਅਤੇ ਗ੍ਰੇਟਰ ਗੋਲਡਨ ਹੋਰਸਸ਼ੂ (Greater Golden Horseshoe) ਵਿੱਚ ਭਾਈਚਾਰਕ ਸੁਰੱਖਿਆ ਦੇ ਪ੍ਰੋਜੈਕਟਾਂ ਅਤੇ ਭਾਈਵਾਲੀਆਂ ਨੂੰ ਸਹਿਯੋਗ ਕਰਨ ਤੇ ਕੇਂਦਰਿਤ ਹੈ। ਸਿਟੀ ਇਸ ਫੰਡਿੰਗ ਲਈ ਅਰਜ਼ੀ ਪ੍ਰਕਿਰਿਆ ਬਾਰੇ ਹੋਰ ਵੇਰਵੇ ਪ੍ਰਾਪਤ ਕਰਨ ਅਤੇ ਸਬੰਧਿਤ ਅਰਜ਼ੀਆਂ ਨੂੰ ਅੱਗੇ ਵਧਾਉਣ ਦੀ ਆਸ ਕਰਦੀ ਹੈ।

BRAMPTON Flower City brampton.ca

media release

**ਹਵਾਲੇ**

"ਸੁਰੱਖਿਅਤ ਸਿਟੀ ਹੋਣਾ ਇਸ ਕਾਉਂਸਿਲ ਦੀ ਟਰਮ ਆਫ ਕਾਉਂਸਿਲ ਪ੍ਰਾਇਰਟੀਜ ਦੀ ਮੁੱਖ ਤਰਜੀਹ ਹੈ। ਅਸੀਂ ਲੰਮੇ ਸਮੇਂ ਤੋਂ ਹਿਮਾਇਤ ਕਰ ਰਹੇ ਹਾਂ ਕਿ ਗਨਸ ਅਤੇ ਗੈਂਗਸ ਦੀ ਸਮੱਸਿਆ ਟੋਰੋਂਟੋ ਅਤੇ ਓਟਾਵਾ ਲਈ ਨਵੀਂ ਨਹੀਂ ਹੈ। ਅਸੀਂ ਫੰਡਿੰਗ ਦੇ ਬ੍ਰੈਂਪਟਨ ਦੇ ਉਚਿਤ ਹਿੱਸੇ ਲਈ ਲੜਦੇ ਰਹੇ ਹਾਂ ਅਤੇ ਪ੍ਰਸ਼ੰਸਾ ਕਰਦੇ ਹਾਂ ਕਿ ਬਿਲ ਬਲੇਅਰ ਅਤੇ ਸਿਲਵੀਆ ਜੋਨਸ ਨਾਲ ਮੀਟਿੰਗਾਂ ਤੋਂ ਬਾਅਦ, ਬ੍ਰੈਂਪਟਨ ਨੂੰ ਸਾਡੀ ਸਿਟੀ ਵਿੱਚ ਗਨਸ ਅਤੇ ਗੈਂਗਸ ਦਾ ਮੁਕਾਬਲਾ ਕਰਨ ਲਈ ਇਹ ਮਹੱਤਵਪੂਰਨ ਫੰਡਿੰਗ ਮਿਲੇਗੀ। ਅਸੀਂ ਬ੍ਰੈਂਪਟਨ ਨੂੰ ਰਹਿਣ, ਕੰਮ ਕਰਨ ਅਤੇ ਖੇਡਣ ਲਈ ਸੁਰੱਖਿਅਤ ਸ਼ਹਿਰ ਬਣਾਏ ਰੱਖਣ ਲਈ ਜ਼ਰੂਰੀ ਵਸੀਲੇ ਮੁਹੱਈਆ ਕਰਨ ਤੇ ਧਿਆਨ ਕੇਂਦਰਿਤ ਕਰਨਾ ਜਾਰੀ ਰੱਖਾਂਗੇ।"

-*ਮੇਅਰ ਪੈਟਰਿਕ ਬ੍ਰਾਊਨ (Patrick Brown)*

"ਬ੍ਰੈਂਪਟਨ ਵਿੱਚ ਗਨਸ ਅਤੇ ਗੈਂਗਸ ਦੀ ਸਮੱਸਿਆ ਦਾ ਮੁਕਾਬਲਾ ਕਰਨ ਲਈ ਸਰਕਾਰ ਦੇ ਸਾਰੇ ਮਹਿਕਮਿਆਂ ਤੋਂ ਭਾਈਵਾਲੀਆਂ, ਸਮੇਂ ਅਤੇ ਨਿਵੇਸ਼ ਦੀ ਲੋੜ ਹੈ। ਅੱਜ ਦੀ ਘੋਸ਼ਣਾ, ਗਨਸ ਅਤੇ ਗੈਂਗਸ ਦਾ ਸਾਡੇ ਭਾਈਚਾਰੇ ਉੱਤੇ ਨਕਾਰਾਤਮਕ ਅਸਰ ਅਤੇ ਇਸ ਸਮੱਸਿਆ ਨਾਲ ਨਿਪਟਣ ਲਈ ਲਗਾਤਾਰ ਸਾਡੇ ਹੱਲ ਨੂੰ ਦਰਸਾਉਂਦੀ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਸਮਰਪਿਤ ਹਾਂ ਕਿ ਸਾਡੇ ਨੌਜਵਾਨਾਂ ਅਤੇ ਬੱਚਿਆਂ ਦਾ ਸੁਰੱਖਿਅਤ ਭਾਈਚਾਰਾ ਹੈ, ਜਿਸ ਵਿੱਚ ਉਹ ਰਹਿੰਦੇ ਹਨ।"

-*ਕਾਉਂਸਲਰ ਸ਼ਾਰਮੇਨ ਵਿਲੀਅਮਸ (Charmaine Williams), ਚੇਅਰ ਆਫ ਕਮਿਉਨਿਟੀ ਸੇਫਟੀ ਐਡਵਾਈਜਰੀ ਕਮੇਟੀ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca